ਬੇਨਤੀ ਕਰਦੇ ਰਹੇ ਕਿ ਆਪ ਵੀ ਪੰਜਾਬੀ ਵਿਚ ਕੁਝ ਲਿਖੋ। ਉਨ੍ਹਾਂ ਸਾਡੀ ਬੇਨਤੀ ਨੂੰ ਪ੍ਰਵਾਨ ਕਰਕੇ ਆਪਣੀ ਡਾਇਰੀ ਵਿਚ ਸੰਗ੍ਰਹਿ ਵਚਨਾਂ ਦਾ ਪੰਜਾਬੀ ਅਨੁਵਾਦ ਸਾਨੂੰ ਸੌਂਪ ਦਿਤਾ। ਇਹ ਪੁਸਤਕ ਚਾਰ ਸਾਲ ਪਹਿਲਾਂ ਤਿਆਰ ਹੋ ਗਈ ਸੀ।

## ਧੰਨਵਾਦ

ਇਹ ਸ੍ਰੀ ਸੁਰਿੰਦਰ ਕੁਮਾਰ ਜੈਨ (ਜੈਨ ਬੰਧੂ ਸਾੜੀ ਫਾਲਜ਼,ਦਿੱਲੀ) ਦੇ ਆਰਥਿਕ ਸਹਿਯੋਗ ਨਾਲ ਛੱਪ ਰਹੀ ਹੈ। ਅਸੀਂ ਸ੍ਰੀ ਜੈਨ ਦੇ ਧੰਨਵਾਦੀ ਹਾਂ। ਸ੍ਰੀ ਸੁਰਿੰਦਰ ਜੈਨ ਸਾਂਸਾਰਿਕ ਪੱਖੋਂ ਮਹਾਰਾਜ਼ ਸ੍ਰੀ ਦੇ ਛੋਟੇ ਭਾਈ ਲਗਦੇ ਹਨ। ਆਪ ਲਾਹੌਰ ਨਿਵਾਸੀ ਦਾਨਵੀਰ ਜੈਨ ਧਰਮ ਉਪਾਸਕ ਸ੍ਰੀ ਖਜਾਨ ਚੰਦ ਜੀ ਜੈਨ ਤੇ ਮਾਤਾ ਦੁਰਗਾ ਦੇਵੀ ਜੀ ਜੈਨ ਦੇ ਛੋਟੇ ਸੁਪੁਤਰ ਹਨ। ਸੰਸਥਾ ਉਨਾਂ ਦਾ ਧੰਨਵਾਦ ਕਰਦੀ ਹੈ ਅਤੇ ਭਵਿੱਖ ਵਿਚ ਵੀ ਧਰਮ ਦੇ ਕੰਮਾਂ ਵਿਚ ਸਹਿਯੋਗ ਦੀ ਆਸ ਰਖਦੀ ਹੈ॥

## ਕੁਝ ਦਿਸ਼ਾ ਨਿਰਦੇਸ਼ਿਕਾ ਬਾਰੇ

ਸਾਧਵੀ ਸ੍ਰੀ ਸੁਧਾ ਜੀ, ਸਾਧਵੀ ਸ੍ਰੀ ਸਵਰਨਾਂ ਜੀ ਮਹਾਰਾਜ ਦੀ ਚੇਲੀ ਤੇ ਸਾਡੀ ਇਸ ਪੁਸਤਕ ਦੀ ਦਿਸ਼ਾ ਨਿਰਦੇਸ਼ਿਕਾ ਹਨ। ਉਨ੍ਹਾਂ ਹਰ ਸਮੇਂ ਪ੍ਰੈਸ ਕਾਪੀ ਤਿਆਰ ਕਰਨ, ਗੁਰੁਣੀ ਦੀ ਡਾਇਰੀ ਨਾਲ ਇਸਦਾ ਮਿਲਾਨ ਕਰਨ ਵਿਚ ਸਾਡੀ ਸਹਾਇਤਾ ਕੀਤੀ। ਅਸਲ ਵਿਚ ਇਸ ਕਿਤਾਬ ਵਿਚ ਸਾਡਾ ਕੁਝ ਨਹੀਂ ਹੈ ਜੋ ਕੁਝ ਵੀ ਹੈ ਸਭ ਸਾਡੀ ਗੁਰੁਣੀ ਸ੍ਰੀ ਜੀ ਦਾ ਅਤੇ ਸਾਧਵੀ ਸੁਧਾ ਜੀ ਮਹਾਰਾਜ ਦਾ ਹੈ।